ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ - 6 ਸ਼ਾਖਾ)

ਵੱਲ:

ਰਾਜ ਦੇ ਸਮੂਹ ਸਕੂਲ ਮੁਖੀ।

ਮੀਮੋ ਨੰ: 1/9-2017 ADਕ(SSE)/4011065
ਮਿਤੀ: 08.03.18

ਵਿਸ਼ਾ: - ਸਕੂਲ ਪ੍ਰਬੰਧ ਨੂੰ ਬੇਹਤਰ ਬਣਾਉਣ ਲਈ ਕੰਪਿਊਟਰ ਅਧਿਆਪਕਾਂ ਦੀਆਂ ਡਿਊਟੀਆਂ ਸਬੰਧੀ।

ਹਵਾਲਾ: - ਮੀਮੋ ਨੰ. 1/9-2017,ADਕ(SSE) ਮਿਤੀ:09.10.2017 ਦੀ ਲਗਾਤਾਰਤਾ ਵਿੱਚ।

1.0 ਕੰਪਿਊਟਰ ਅਧਿਆਪਕਾਂ ਦੁਆਰਾ ਸਰਕਾਰ ਦੇ ਕੁਝ ਸਮਾਂ ਪਹਿਲਾਂ ਧਿਆਨ ਦੇ ਵਿਚ ਲਿਆਂਦਾ ਗਿਆ ਸੀ ਕਿ ਸਰਕਾਰੀ ਸਕੂਲਾਂ ਦੇ ਕਲਰਕਾਂ ਦੁਆਰਾ ਕੀਤਾ ਜਾਂਦਾ ਡਾਕ ਦਾ ਕੰਮ ਵੀ ਸਬੰਧਤ ਸਕੂਲਾਂ ਦੇ ਕੰਪਿਊਟਰ ਅਧਿਆਪਕਾਂ ਦੁਆਰਾ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦਾ ਕਲੈਰਿਕਲ ਕੰਮ ਵੀ ਇਨ੍ਹਾਂ ਅਧਿਆਪਕਾਂ ਦੁਆਰਾ ਕੀਤਾ ਜਾ ਰਿਹਾ ਹੈ। ਇਸ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਵਿਭਾਗ ਦੁਆਰਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਡਾਕ ਦਾ ਕੰਮ ਕਲਰਕਾਂ ਰਾਹੀਂ ਕਰਵਾਇਆ ਜਾਵੇ।

2.0 ਪਰੰਤੂ ਪਿਛਲੇ ਦਿਨੀ ਸਕੂਲ ਮੁੱਖੀਆਂ ਦੀ ਟ੍ਰੇਨਿੰਗ ਅਤੇ ਮੀਟਿੰਗ ਦੌਰਾਨ ਇਹ ਗੱਲ ਧਿਆਨ ਵਿਚ ਆਈ ਹੈ ਕਿ ਕੁਝ ਸਕੂਲਾਂ ਵਿਚ ਕੰਪਿਊਟਰ ਅਧਿਆਪਕਾਂ ਕੋਲ ਕੰਮ ਘੱਟ ਗਿਆ ਹੈ। ਉਨ੍ਹਾਂ ਦੇ ਵਿਸ਼ੇ ਦਾ ਕੋਈ ਜਿਆਦਾ ਕੰਮ ਨਾ ਹੋਣ ਦੀ ਵਜ੍ਹਾ ਨਾਲ ਸਕੂਲ ਮੁੱਖੀਆਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਕਈ ਵਾਰੀ ਕੰਪਿਊਟਰ ਅਧਿਆਪਕਾਂ ਦੁਆਰਾ ਹੁਕਮਾਂ ਦੀ ਉਲੰਘਣਾ ਵੀ ਕੀਤੀ ਜਾਂਦੀ ਹੈ।

3.0 ਇਸ ਸਬੰਧ ਦੇ ਵਿਚ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀ ਆਪਣੇ ਪੱਧਰ ਤੇ ਸਕੂਲ ਪ੍ਰਬੰਧ ਨੂੰ ਚਲਾਉਣ ਲਈ ਕਿਸੇ ਵੀ ਅਧਿਆਪਕ ਨੂੰ ਕੋਈ ਵੀ ਕੰਮ / ਡਿਊਟੀ ਸੌਂਪ ਸਕਦਾ ਹੈ। ਜੇਕਰ ਉਸਦੇ ਹੁਕਮਾਂ ਦੀ ਉਲੰਘਣਾ ਹੁੰਦੀ ਹੈ ਤਾਂ ਇਹ ਸਬੰਧਤ Conduct of Rule ਦੀ ਉਲੰਘਣਾ ਹੋਵੇਗੀ। ਜਿਥੇ ਤੱਕ ਕਲਰਕ ਦੇ ਕੰਮ ਨੂੰ ਦੂਜੇ ਨੂੰ ਦੇਣ ਦਾ ਸਬੰਧ ਹੈ ਇਸ ਬਾਰੇ ਮੁੜ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਕੰਮ ਕਲਰਕ ਦਾ ਹੈ ਉਹ ਕਲਰਕ ਵਲੋਂ ਹੀ ਕੀਤਾ ਜਾਣਾ ਹੈ ਅਤੇ ਜੋ ਕੰਮ ਦੂਸਰੇ ਅਧਿਆਪਕਾਂ ਨੂੰ ਦੇਣ ਦਾ ਸਬੰਧ ਹੈ, ਇਸ ਬਾਰੇ ਸਕੂਲ ਮੁੱਖੀ ਦੁਆਰਾ ਸਕੂਲ ਦੇ ਹਿਤਾਂ ਨੂੰ ਧਿਆਨ ਵਿਚ ਰਖਦਿਆਂ ਲੋੜੀਂਦਾ ਫੈਸਲਾ ਲਿਆ ਜਾਣਾ ਹੈ।

ਕੁਝ ਹੋਰ ਉਠਾਏ ਗਏ ਮੁੱਦਿਆਂ ਬਾਰੇ ਹੇਠ ਲਿਖੇ ਅਨੁਸਾਰ ਸਪਸ਼ਟ ਕੀਤਾ ਜਾਂਦਾ ਹੈ: -

i) ਸਕੂਲਾਂ ਵਿੱਚ ਬਾਕੀ ਅਧਿਆਪਕਾਂ ਦੀ ਤਰਜ 'ਤੇ ਕੰਪਿਊਟਰ ਅਧਿਆਪਕ ਵੀ ਜਮਾਤਾਂ ਦੇ ਇੰਚਾਰਜ ਹੋਣਗੇ ਅਤੇ ਸਕੂਲ ਦੇ ਸੁਚਾਰੂ ਸੰਚਾਲਨ ਲਈ ਵੱਖ-ਵੱਖ ਜਿੰਮੇਵਾਰੀਆਂ ਵਿੱਚ ਆਪਣਾ ਪੂਰਨ ਸਹਿਯੋਗ ਦੇਣਗੇ।

ii) ਵੱਖ-ਵੱਖ ਵਿਸ਼ਿਆਂ ਦੇ ਪਾਠਕ੍ਰਮ ਨੂੰ ਆਈ.ਸੀ.ਟੀ. ਤਕਨੀਕ ਰਾਹੀਂ ਪੜਾਉਣ ਲਈ ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ ਤੇ ਸਕੂਲਾਂ ਵਿੱਚ ਕੰਮ ਕਰਦੇ ਬਾਕੀ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਲਈ ਅਜਿਹੀਆਂ ਗਤੀਵਿਧੀਆਂ ਦੀ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿੱਚ ਵਾਧਾ ਕਰਨ ਲਈ ਸਾਰੇ ਵਿਸ਼ਿਆਂ ਦੇ ਅਧਿਆਪਕਾਂ ਵੱਲੋਂ ਕੰਪਿਊਟਰ ਲੈਬ/ਈ-ਲੈਬ ਦੀ ਵਰਤੋਂ ਕੀਤੀ ਜਾਵੇ।

iii) ਸਕੂਲ ਦੀ ਡਾਕ ਡਾਊਨਲੋਡ/ਅਪਲੋਡ ਕਰਨ ਦੀ ਜੁੰਮੇਵਾਰੀ ਕਲਰਕ ਦੀ ਹੋਵੇਗੀ, ਪਰ ਸਕੂਲ ਦੀਆਂ ਹੋਰ ਗਤੀਵਿਧੀਆਂ ਸਬੰਧੀ ਲੋੜ ਪੈਣ ਤੇ ਸਕੂਲ ਮੁੱਖੀ ਕੰਪਿਊਟਰ ਅਧਿਆਪਕਾਂ ਤੋਂ ਵੀ ਸਹਿਯੋਗ ਲਿਆ ਜਾ ਸਕਦਾ ਹੈ।

iv) ਕੰਪਿਊਟਰ ਅਧਿਆਪਕਾਂ ਨੂੰ ਆਮ ਅਧਿਆਪਕਾਂ ਵਾਂਗ ਹੀ ਸਮਝਿਆ ਜਾਵੇ ਅਤੇ ਸਕੂਲ ਮੁੱਖੀ ਸਕੂਲ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੰਪਿਊਟਰ ਅਧਿਆਪਕ ਤੋਂ ਬਾਕੀ ਅਧਿਆਪਕਾਂ ਦੀ ਤਰਾਂ ਕੰਮ ਲੈ ਸਕਦਾ ਹੈ।

v) ਇਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਅਧਿਆਪਕ ਭਾਵੇਂ ਕਿਸੇ ਵੀ ਵਿਸ਼ੇ ਨਾਲ ਸੰਬੰਧ ਰੱਖਦਾ ਹੋਵੇ ਉਹ ਸਕੂਲ ਮੁੱਖੀ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਜੇ ਕੋਈ ਅਧਿਆਪਕ ਸਕੂਲ ਮੁੱਖੀ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਇਸ ਨੂੰ ਹੁਕਮ ਅਦੂਲੀ ਸਮਝਿਆ ਜਾਵੇਗਾ।

ਉੱਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(sd/-)
ਸਕੱਤਰ ਸਕੂਲ ਸਿੱਖਿਆ,
ਪੰਜਾਬ।

**ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ**

ਪਿਠ ਅੰਕਣ ਨੰ: ਆਈ.ਸੀ.ਟੀ./2018/ 2583 ਮਿਤੀ: 13.03.2018

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਦਾਂ ਹੈ ਕਿ ਉਪਰੋਕਤ ਪੱਤਰ ਦੀ ਪਾਲਣਾ ਇੰਨ ਬਿੰਨ ਯਕੀਨੀ ਬਣਾਈ ਜਾਵੇ।

13/3/18
ਜਿਲਾ ਸਿਖਿਆ ਅਫਸਰ (ਸੈ.ਸਿ.)
ਬਠਿੰਡਾ